ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030318
Available online at: www.armaan.org.in
DOI: https://doi.org/10.64119/armaan.vol.3.issue3.18

# ਔਰਤ ਦੀ ਹੋਣੀ ਦਾ ਪ੍ਰਵਚਨ: ਏਹੁ ਹਮਾਰਾ ਜੀਵਣਾ

## AURAT DI HONI DA PRAVACHAN: EHO HAMARA JIVNA

**ਡਾ. ਗੁਰਪ੍ਰੀਤ ਸਿੰਘ ਬੁੱਟਰ** (Dr. Gurpreet Singh Buttar)
**ਅਸਿਸਟੈਂਟ ਪ੍ਰੋਫ਼ੈਸਰ** (Assistant Professor)
**ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ (ਪੰਜਾਬ)**
Email ID: gopi.buttar88@gmail.com ਮੋਬਾਈਲ: +91- 97810-47457

**ਸਾਰ (Abstract)**

*ਨਾਵਲ ਦਾ ਸਿਰਲੇਖ 'ਏਹੁ ਹਮਾਰਾ ਜੀਵਣਾ' ਬਾਬਾ ਫ਼ਰੀਦ ਜੀ ਦੇ ਸਲੋਕ 'ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ॥' ਉੱਪਰ ਆਧਾਰਿਤ ਹੈ। ਦਲੀਪ ਕੌਰ ਟਿਵਾਣਾ ਨੇ ਇਸ ਛੋਟੀ ਜਿਹੀ ਰਚਨਾ ਵਿਚ ਭਾਰਤੀ ਸਮਾਜ ਦੇ ਵੱਡੇ ਦੁਖਾਂਤ/ਵਿਸ਼ੇ ਨੂੰ ਛੋਹਿਆ ਹੈ। ਇਸ ਨਾਵਲ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚਲੀ ਔਰਤ ਦੀ ਮਾਨਸਿਕ ਅਤੇ ਸਮਾਜਕ ਦਸ਼ਾ ਨੂੰ ਬਾਖ਼ੂਬੀ ਪ੍ਰਸਤੁਤ ਕੀਤਾ ਹੈ। ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਔਰਤ ਦੀ ਸਮਾਜਕ ਦਸ਼ਾ ਨੂੰ ਜਿਸ ਬਾਰੀਕੀ ਨਾਲ ਪ੍ਰਸਤੁਤ ਕੀਤਾ ਹੈ ਉਸ ਨੂੰ ਪੜ੍ਹ ਕੇ ਭਾਵੁਕ, ਸੁਹਿਰਦ ਅਤੇ ਜਾਗਦੀ ਜ਼ਮੀਰ ਰੱਖਣ ਵਾਲਾ ਪਾਠਕ ਨਾਵਲ ਦੀ ਮੁੱਖ ਪਾਤਰ ਭਾਨੋਂ ਨਾਲ ਹਮਦਰਦੀ ਵਿਚ ਰੋਏ ਅਤੇ ਗ਼ਮਗੀਨ ਹੋਏ ਬਿਨਾਂ ਨਹੀਂ ਰਹਿ ਸਕਦਾ। ਹਿੰਦੁਸਤਾਨ ਦੀ ਤਾਰੀਖ਼ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਸਮਾਜ ਵਿਚ ਸ਼ੁਰੂ ਤੋਂ ਹੀ ਔਰਤਾਂ ਨਾਲ ਅਨਿਆਂ ਹੁੰਦਾ ਆਇਆ ਹੈ। ਭਾਵੇਂ ਕਿ ਸਮੇਂ ਸਮੇਂ ਉੱਪਰ ਸਮਾਜ ਸੁਧਾਰਕਾਂ ਨੇ ਔਰਤ ਦੇ ਹੱਕਾਂ ਵਿਚ ਆਵਾਜ਼ ਵੀ ਬੁਲੰਦ ਕੀਤੀ ਹੈ, ਪਰੰਤੂ ਔਰਤਾਂ ਨਾਲ ਭੇਦ-ਭਾਵ/ਸ਼ੋਸ਼ਣ ਦਾ ਖ਼ਾਤਮਾ ਅਜੋਕੇ ਸਮਾਜ ਤਕ ਵੀ ਨਹੀਂ ਹੋ ਸਕਿਆ। 13 ਵੀਂ ਸਦੀ(1236 ਈ. ਤੋਂ 1240 ਈ. ਤਕ) ਵਿਚ ਰਜ਼ੀਆ ਬੇਗ਼ਮ ਦਾ ਦਿੱਲੀ ਦੀ ਸਲਤਨਤ ਉੱਪਰ ਰਾਜ ਸੀ। ਪਰੰਤੂ ਮਰਦ ਪ੍ਰਧਾਨ ਸਮਾਜ ਨੂੰ ਇਕ ਔਰਤ ਦਾ ਰਾਜ ਗੱਦੀ ਉੱਪਰ ਬਿਰਾਜਮਾਨ ਹੋਣਾ ਸਵੀਕਾਰ ਨਹੀਂ ਸੀ ਜਿਸ ਦੀ ਵਜ੍ਹਾ ਕਰਕੇ ਮਰਦ ਪ੍ਰਧਾਨ ਸਮਾਜ ਨੇ ਰਜ਼ੀਆ ਬੇਗ਼ਮ ਦਾ ਕਤਲ ਕਰ ਦਿੱਤਾ। ਬਾਬਾ ਫ਼ਰੀਦ ਜੀ ਦਾ ਸਮਾਂ ਵੀ ਲਗਭਗ ਰਜ਼ੀਆ ਬੇਗ਼ਮ ਦੇ ਸ਼ਾਸਨਕਾਲ ਵਾਲਾ ਹੀ ਸੀ, ਉਸ ਸਮੇਂ ਦੇ ਸਮਾਜਕ ਦਰਦ ਨੂੰ ਬਾਬਾ ਫ਼ਰੀਦ ਜੀ ਆਪਣੇ ਸਲੋਕ ਵਿਚ ਲਿਖਦੇ ਹਨ: "ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸੱਚੇ ਵੇਖ"। ਬਾਬਾ ਫ਼ਰੀਦ* ਜੀ ਦੇ ਇਸ ਸਲੋਕ ਵਿਚ ਸਮਾਜਕ ਜੀਵਨ ਦੀ ਦੁਰਦਸ਼ਾ ਨੂੰ ਪ੍ਰਸਤੁਤ ਕੀਤਾ ਹੈ, ਜਿਸ ਨੂੰ ਆਧਾਰ ਬਣਾ ਕੇ ਲੇਖਿਕਾ ਨੇ ਆਪਣੇ ਨਾਵਲ ਵਿਚ ਔਰਤ ਦੀ ਮਾਨਸਿਕਤਾ ਅਤੇ ਸਮਾਜਕ ਸਥਿਤੀ ਨੂੰ ਪ੍ਰਸਤੁਤ ਕੀਤਾ ਹੈ। ਨਾਵਲ ਦੀ ਪਾਤਰ ਭਾਨੋਂ ਨੂੰ ਇਕ ਔਰਤ ਹੋਣ ਕਾਰਨ ਸਮਾਜਕ ਪੱਧਰ ਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਸ ਕਾਰਨ ਉਹ ਮਾਨਸਿਕ ਅਤੇ ਸਰੀਰਕ ਸੰਤਾਪ ਵੀ ਭੋਗਦੀ ਹੈ।

***ਕੀਵਰਡ (Keyword): ਅਮਲੀ, ਨਸ਼ਾ, ਬਚਨੀ, ਭਾਨੋਂ, ਸੰਤੀ, ਵਿਆਹ, ਔਰਤ, ਬੇਔਲਾਦ।***

'ਏਹੁ ਹਮਾਰਾ ਜੀਵਣਾ' ਨਾਵਲ ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ ਦੀ ਰਚਨਾ ਹੈ। ਇਸ ਰਚਨਾ ਵਿਚ ਲੇਖਿਕਾ ਨੇ ਔਰਤ ਦੀ ਮਾਨਸਿਕਤਾ ਅਤੇ ਸਮਾਜਕ ਦਸ਼ਾ ਨੂੰ ਬੜੇ ਸੁਚੱਜੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਇਸ ਨਾਵਲ ਵਿਚ ਬਾਖ਼ੂਬੀ ਚਿਤਰਿਆ ਗਿਆ ਹੈ। ਹਥਲੇ ਨਾਵਲ ਦਾ ਸਿਰਲੇਖ 'ਏਹੁ ਹਮਾਰਾ ਜੀਵਣਾ' ਬਾਬਾ ਫ਼ਰੀਦ ਜੀ ਦੇ ਸਲੋਕ 'ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ॥' ਉੱਪਰ ਆਧਾਰਿਤ ਹੈ। ਦਲੀਪ ਕੌਰ ਟਿਵਾਣਾ ਨੇ ਇਸ ਛੋਟੀ ਜਿਹੀ ਰਚਨਾ ਵਿਚ ਭਾਰਤੀ ਸਮਾਜ ਦੇ ਵੱਡੇ ਦੁਖਾਂਤ/ਵਿਸ਼ੇ ਨੂੰ ਛੋਹਿਆ ਹੈ। ਇਸ ਨਾਵਲ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚਲੀ ਔਰਤ ਦੀ ਮਾਨਸਿਕ ਅਤੇ ਸਮਾਜਕ ਦਸ਼ਾ ਨੂੰ ਬਾਖ਼ੂਬੀ ਪ੍ਰਸਤੁਤ ਕੀਤਾ ਹੈ। ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਔਰਤ ਦੀ ਸਮਾਜਕ ਦਸ਼ਾ ਨੂੰ ਜਿਸ ਬਾਰੀਕੀ ਨਾਲ ਪ੍ਰਸਤੁਤ ਕੀਤਾ ਹੈ ਉਸ ਨੂੰ ਪੜ੍ਹ ਕੇ ਭਾਵੁਕ, ਸੁਹਿਰਦ ਅਤੇ ਜਾਗਦੀ ਜ਼ਮੀਰ ਰੱਖਣ ਵਾਲਾ ਪਾਠਕ ਨਾਵਲ ਦੀ ਮੁੱਖ ਪਾਤਰ ਭਾਨੋਂ ਨਾਲ ਹਮਦਰਦੀ ਵਿਚ ਰੋਏ ਅਤੇ ਗ਼ਮਗੀਨ ਹੋਏ ਬਿਨਾਂ ਨਹੀਂ ਰਹਿ ਸਕਦਾ।

ਹਿੰਦੁਸਤਾਨ ਦੀ ਤਾਰੀਖ਼ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਸਮਾਜ


Received: 11 August 2025 Accepted: 28 August 2025 Published: 05 September 2025

ਵਿਚ ਸ਼ੁਰੂ ਤੋਂ ਹੀ ਔਰਤਾਂ ਨਾਲ ਅਨਿਆਂ ਹੁੰਦਾ ਆਇਆ ਹੈ। ਭਾਵੇਂ ਕਿ ਸਮੇਂ ਸਮੇਂ ਉੱਪਰ ਸਮਾਜ ਸੁਧਾਰਕਾਂ ਨੇ ਔਰਤ ਦੇ ਹੱਕਾਂ ਵਿਚ ਆਵਾਜ਼ ਵੀ ਬੁਲੰਦ ਕੀਤੀ ਹੈ, ਪਰੰਤੂ ਔਰਤਾਂ ਨਾਲ ਭੇਦ-ਭਾਵ/ਸ਼ੋਸ਼ਣ ਦਾ ਖ਼ਾਤਮਾ ਅਜੋਕੇ ਸਮਾਜ ਤਕ ਵੀ ਨਹੀਂ ਹੋ ਸਕਿਆ। 13 ਵੀਂ ਸਦੀ(1236 ਈ. ਤੋਂ 1240 ਈ. ਤਕ) ਵਿਚ ਰਜ਼ੀਆ ਬੇਗ਼ਮ ਦਾ ਦਿੱਲੀ ਦੀ ਸਲਤਨਤ ਉੱਪਰ ਰਾਜ ਸੀ। ਪਰੰਤੂ ਮਰਦ ਪ੍ਰਧਾਨ ਸਮਾਜ ਨੂੰ ਇਕ ਔਰਤ ਦਾ ਰਾਜ ਗੱਦੀ ਉੱਪਰ ਬਿਰਾਜਮਾਨ ਹੋਣਾ ਸਵੀਕਾਰ ਨਹੀਂ ਸੀ ਜਿਸ ਦੀ ਵਜ੍ਹਾ ਕਰਕੇ ਮਰਦ ਪ੍ਰਧਾਨ ਸਮਾਜ ਨੇ ਰਜ਼ੀਆ ਬੇਗ਼ਮ ਦਾ ਕਤਲ ਕਰ ਦਿੱਤਾ। ਬਾਬਾ ਫ਼ਰੀਦ ਜੀ ਦਾ ਸਮਾਂ ਵੀ ਲਗਭਗ ਰਜ਼ੀਆ ਬੇਗ਼ਮ ਦੇ ਸ਼ਾਸਨਕਾਲ ਵਾਲਾ ਹੀ ਸੀ, ਉਸ ਸਮੇਂ ਦੇ ਸਮਾਜਕ ਦਰਦ ਨੂੰ ਬਾਬਾ ਫ਼ਰੀਦ ਜੀ ਆਪਣੇ ਸਲੋਕ ਵਿਚ ਲਿਖਦੇ ਹਨ: *"ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸੱਚੇ ਵੇਖ"।*

ਬਾਬਾ ਫ਼ਰੀਦ ਜੀ ਦੇ ਇਸ ਸਲੋਕ ਵਿਚ ਸਮਾਜਕ ਜੀਵਨ ਦੀ ਦੁਰਦਸ਼ਾ ਨੂੰ ਪ੍ਰਸਤੁਤ ਕੀਤਾ ਹੈ, ਜਿਸ ਨੂੰ ਆਧਾਰ ਬਣਾ ਕੇ ਲੇਖਿਕਾ ਨੇ ਆਪਣੇ ਨਾਵਲ ਵਿਚ ਔਰਤ ਦੀ ਮਾਨਸਿਕਤਾ ਅਤੇ ਸਮਾਜਕ ਸਥਿਤੀ ਨੂੰ ਪ੍ਰਸਤੁਤ ਕੀਤਾ ਹੈ। ਨਾਵਲ ਦੀ ਪਾਤਰ ਭਾਨੋਂ ਨੂੰ ਇਕ ਔਰਤ ਹੋਣ ਕਾਰਨ ਸਮਾਜਕ ਪੱਧਰ ਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਸ ਕਾਰਨ ਉਹ ਮਾਨਸਿਕ ਅਤੇ ਸਰੀਰਕ ਸੰਤਾਪ ਵੀ ਭੋਗਦੀ ਹੈ। ਸਮਾਜ ਵਿਚ ਔਰਤ ਉੱਪਰ ਹੁੰਦੇ ਤਸ਼ੱਦਦ ਬਾਬਤ ਆਧੁਨਿਕ ਪੰਜਾਬੀ ਸ਼ਾਇਰ ਬਾਵਾ ਬਲਵੰਤ ਨੇ ਆਪਣੀ ਰਚਨਾ ਵਿਚ ਵੀ ਪ੍ਰਗਟਾਇਆ ਹੈ:

*ਅਜ਼ਲਾਂ ਤੋਂ ਆਦਮੀ ਜ਼ਾਲਮ ਰਿਹਾ*
*ਲੈ ਕੇ ਖ਼ੁਸ਼ੀਆਂ ਸੁਹਲ ਦੇਂਦਾ ਗ਼ਮ ਰਿਹਾ*
*ਨਜ਼ਰ ਵਿਚ ਔਰਤ ਸਦਾ ਦਾਸੀ ਰਹੀ।*
*ਏਸ ਲਈ ਔਰਤ ਦੀ ਰੂਹ ਪਿਆਸੀ ਰਹੀ।* [1]

ਕਵੀ ਦੀ ਇਹ ਰਚਨਾ ਭਾਰਤੀ ਸਮਾਜ ਵਿਚ ਔਰਤ ਦੇ ਸ਼ੋਸ਼ਣ ਅਤੇ ਉਸ ਦੀ ਦੁਖਾਂਤਕ ਸਥਿਤੀ ਨੂੰ ਨਸ਼ਰ ਕਰਦੀ ਹੈ। ਪੰਜਾਬੀ ਸਮਾਜ ਵਿਚ ਔਰਤ ਦੀ ਸਥਿਤੀ ਬਾਰੇ 'ਲੂਣਾ' ਤੋਂ ਵੀ ਪਤਾ ਲੱਗਦਾ ਹੈ। ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਵੀ ਲੂਣਾ ਨੂੰ ਦੋਸ਼ ਮੁਕਤ ਕਰਨ ਦੀ ਬਜਾਏ ਉਸ ਉੱਪਰ ਪੂਰਨ ਦੇ ਹੱਥ ਪੈਰ ਵਢਾ ਕੇ ਖੂਹ ਵਿਚ ਸੁਟਵਾਉਣ ਦਾ ਦੋਸ਼ੀ ਸਾਬਤ ਕਰਦੇ ਹਨ। ਪ੍ਰਸਿੱਧ ਕਿੱਸਾਕਾਰ ਕਾਦਰਯਾਰ ਵੀ ਆਪਣੇ ਕਿੱਸੇ ਵਿਚ ਲੂਣਾ ਨੂੰ ਹੀ ਦੋਸ਼ੀ ਦੱਸ ਕੇ ਉਸ ਦੀ ਭੰਡੀ ਕਰਦਾ ਹੈ। ਪਰੰਤੂ ਆਧੁਨਿਕ ਪੰਜਾਬੀ ਸਾਹਿਤ ਦਾ ਹਰਮਨ ਪਿਆਰਾ ਕਵੀ ਸ਼ਿਵ ਕੁਮਾਰ ਬਟਾਲਵੀ ਲੂਣਾ ਨਾਲ ਇਨਸਾਫ਼ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ। ਉਸ ਨੇ ਆਪਣੀ ਰਚਨਾ ਵਿਚ ਲੂਣਾ ਨੂੰ ਦੋਸ਼ ਮੁਕਤ ਕਰ ਕਰਕੇ ਉਸ ਦੀ ਇਸ ਹਾਲਤ ਲਈ ਸਮਾਜ ਨੂੰ ਦੋਸ਼ੀ ਠਹਿਰਾਉਂਦਾ ਹੈ। ਲੂਣਾ ਨੂੰ ਦੋਸ਼ ਮੁਕਤ ਕਰਨ ਕਰਕੇ ਭਾਵੇਂ ਪਹਿਲਾਂ ਪਹਿਲ ਸਮਾਜ ਦੇ ਠੇਕੇਦਾਰ ਸ਼ਿਵ ਕੁਮਾਰ ਨੂੰ ਭੰਡਦੇ ਰਹੇ ਪਰੰਤੂ ਉਨ੍ਹਾਂ ਨੂੰ ਵੀ ਲੂਣਾ ਨਾਲ ਵਾਪਰੀ ਤਰਾਸਦੀ ਦੇ ਯਥਾਰਥ ਨੂੰ ਮੰਨਣਾ ਪਿਆ। ਸ਼ਿਵ ਕੁਮਾਰ ਔਰਤ(ਲੂਣਾ) ਸੰਬੰਧੀ ਆਪਣੀ ਵੇਦਨਾ ਪ੍ਰਗਟਾਉਂਦਾ ਲਿਖਦਾ ਹੈ:

*ਬਾਬਲ ਧੀ ਦਾ ਰੂਪ ਹੰਡਾਵੇ*
*ਲੋਕਾਂ ਵੇ ਤੈਨੂੰ ਸ਼ਰਮ ਨਾ ਆਵੇ।* [2]

ਇਨਸਾਨ ਦੀ ਕੁਦਰਤੀ ਪ੍ਰਵਿਰਤੀ ਹੈ ਕਿ ਉਹ ਆਪਣੇ ਜਜ਼ਬਾਤਾਂ ਨੂੰ ਸਾਂਝਾ ਕਰਨ ਲਈ ਆਪਣਾ ਹਾਣ-ਪਰਵਾਨ ਭਾਲਦਾ ਹੈ। ਆਪਣੀਆਂ ਸਮਾਜਕ, ਸਰੀਰਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਲਈ ਨੌਜਵਾਨ ਔਰਤ ਹਮੇਸ਼ਾ ਹਮ ਉਮਰ ਅਤੇ ਮਨਪਸੰਦ ਸਾਥੀ ਦੀ ਇੱਛਾ ਰੱਖਦੀ ਹੈ, ਜੋ ਮਨੁੱਖ ਦੀ ਕੁਦਰਤੀ ਪ੍ਰਵਿਰਤੀ ਹੈ। ਪੰਜਾਬੀ ਸਮਾਜ ਵਿਚ ਤਾਂ ਆਮ ਕਿਹਾ ਜਾਂਦਾ ਹੈ 'ਹਾਣ ਨੂੰ ਹਾਣ ਪਿਆਰਾ ਹੁੰਦਾ ਹੈ' ਅਤੇ ਬੇਜੋੜ ਵਿਆਹ ਨੂੰ ਨਰੜ ਵਿਸ਼ੇਸ਼ਣ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਏਹੁ ਹਮਾਰਾ ਜੀਵਣਾ ਨਾਵਲ ਵਿਚ ਭਾਨੋਂ ਦਾ ਵਿਆਹ ਸਰਵਣ ਨਾਮਕ ਨੌਜਵਾਨ ਨਾਲ ਹੁੰਦਾ ਹੈ। ਪਰ ਕੁਝ ਸਮੇਂ ਬਾਅਦ ਸਰਵਣ ਦੀ ਮੌਤ ਹੋ ਜਾਂਦੀ ਹੈ ਅਤੇ ਸਮਾਜ ਦੇ ਔਰਤ ਪ੍ਰਤੀ ਨਜ਼ਰੀਏ ਤੋਂ ਤੰਗ ਆ ਕੇ ਭਾਨੋਂ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਸਮੇਂ ਉਸ ਦਾ ਮੇਲ ਨਰੈਣ ਅਮਲੀ ਨਾਲ ਹੋ ਜਾਂਦਾ ਹੈ, ਜੋ ਮੇਲ ਨਹੀਂ ਨਰੜ ਹੈ ਕਿਉਂਕਿ ਉਹ ਭਾਨੋਂ ਨਾਲੋਂ ਵਡੇਰੀ ਉਮਰ ਦਾ ਹੈ। ਭਾਨੋਂ ਦੇ ਦਿਲ ਵਿਚ ਹਮੇਸ਼ਾ ਸਰਵਣ ਵੱਸਦਾ ਹੈ ਅਤੇ ਉਹ ਉੱਠਦੀ ਬਹਿੰਦੀ ਸਰਵਣ ਨੂੰ ਚੇਤੇ ਕਰਦੀ ਰਹਿੰਦੀ ਹੈ। ਭਾਨੋਂ ਦੇ ਇਸ ਵਿਵਹਾਰ ਕਾਰਨ ਨਰੈਣਾ ਕਈ ਵਾਰ ਉਸ ਨਾਲ ਲੜਾਈ ਝਗੜਾ ਵੀ ਕਰਦਾ ਹੈ।

*ਮੈਂ ਬੇਬੇ ਸੋਚ ਲਿਆ ਸੀ ਜਾ ਕੇ ਗੰਗਾ ਵਿਚ ਡੁੱਬ ਜਾਣੈ। ਆਖਦੇ ਨੇ ਜਿਹੜਾ ਗੰਗਾ ਜਾ ਕੇ ਮਰੇ, ਅਖੀਰ ਵੇਲੇ ਉਹ ਜੋ ਵੀ ਮੰਗੇ ਅਗਲੇ ਜਨਮ ਮਿਲ ਜਾਂਦੈ।*

*ਤੈਂ ਕੀ ਮੰਗਣਾ ਸੀ ਗੰਗਾ ਮਾਈ ਤੋਂ ਅਖੀਰ ਵੇਲੇ? ਸੰਤੀ ਨੇ ਅਟੇਰਨ ਉਤੇ ਨਵੇਂ ਗਲੋਟੇ ਦਾ ਧਾਗਾ ਜੋੜਦਿਆਂ ਪੁੱਛਿਆ।*

*ਮੈਂ ਆਖਣਾ ਸੀ ਬਾਈ ਇਕ ਵਾਰੀ ਸਰਵਣ ਟੱਕਰ ਜੇ।* [3]

ਨਾਵਲ ਵਿਚਲੇ ਕਥਾਨਕ ਵਿਚ ਲੜਕੀਆਂ ਦੇ ਮਾਪੇ ਲੜਕੇ ਨੂੰ ਵੇਖਣ

ਨਹੀਂ ਜਾਂਦੇ ਸਨ, ਸਗੋਂ ਬ੍ਰਾਹਮਣਾਂ ਨੂੰ ਹੀ ਸਾਰੇ ਸ਼ਗਨ ਵਿਹਾਰ ਕਰਨ ਭੇਜਦੇ ਸਨ। ਬ੍ਰਾਹਮਣ ਹੀ ਲੜਕਾ ਅਤੇ ਉਸ ਦਾ ਘਰ ਬਾਰ ਪਸੰਦ ਕਰਕੇ ਰੁਪਿਆ ਲੜਕੇ ਦੇ ਹੱਥ ਰੱਖ ਆਉਂਦੇ ਸਨ। ਇਸ ਢੰਗ ਨਾਲ ਹੋਏ ਵਿਆਹ ਬਹੁਤੀ ਵਾਰ ਅਨਜੋੜ ਅਤੇ ਬੇਜੋੜ ਹੀ ਹੁੰਦੇ ਸਨ, ਜੋ ਉਮਰ ਅਤੇ ਆਰਥਿਕਤਾ ਦੇ ਪੱਖੋਂ ਵੀ ਹਾਣੀ ਨਹੀਂ ਸਨ ਹੁੰਦੇ। ਇਹ ਸਾਰਾ ਵਰਤਾਰਾ ਸਮਾਜ ਦੀ ਔਰਤ ਪ੍ਰਤੀ ਨੀਰਸਤਾ ਅਤੇ ਓਪਰੇਪਣ ਦਾ ਪ੍ਰਗਟਾਵਾ ਸੀ ਜਿਸ ਵਿਚ ਉਸ ਦੀ ਮਰਜ਼ੀ ਤੋਂ ਬਿਨਾਂ ਹੀ ਸਾਰੀ ਉਮਰ ਵਾਸਤੇ ਕਿਸੇ ਨਾਲ ਨਰੜ ਦਿੱਤਾ ਜਾਂਦਾ ਸੀ ਅਤੇ ਉਹ ਸਾਰੀ ਜ਼ਿੰਦਗੀ ਦੁੱਖ-ਤਕਲੀਫ਼ਾਂ ਭੋਗਦੀ ਹੀ ਗੁਜ਼ਾਰ ਦਿੰਦੀ ਸੀ। ਨਾਵਲ ਦੀ ਪਾਤਰ ਭਾਨੋਂ ਆਪਣੇ ਪਤੀ ਸਰਵਣ ਦੀ ਮੌਤ ਤੋਂ ਬਾਅਦ ਬੇਜੋੜ ਵਿਆਹ ਤੋਂ ਡਰਦੀ ਹੋਈ ਗੰਗਾ ਦਰਿਆ ਵਿਚ ਡੁੱਬਣ ਬਾਰੇ ਸੋਚਦੀ ਹੈ। ਪੁਰਾਤਨ ਪੰਜਾਬੀ ਸਮਾਜ ਵਿਚ ਔਰਤ ਦਾ ਸਮਾਜਕ ਦੁਖਾਂਤ ਇਹ ਵੀ ਸੀ ਕਿ ਚਾਰ-ਪੰਜ ਭਰਾਵਾਂ ਵਿਚੋਂ ਜੇ ਇਕ ਵਿਆਹਿਆ ਜਾਂਦਾ ਤਾਂ ਦੂਸਰੇ ਅਣਵਿਆਹੇ ਭਰਾ ਉਸ ਇੱਜ਼ਤਦਾਰ ਔਰਤ ਵੱਲ ਮਾੜੀ ਅੱਖ ਨਾਲ ਵੇਖਦੇ ਸਨ। ਭਾਨੋਂ ਦਾ ਦੁਖਾਂਤ ਵੀ ਇਹੀ ਸੀ ਜਿਸ ਕਾਰਨ ਸਰਵਣ ਦੇ ਮਰਨ ਪਿੱਛੋਂ ਉਹ ਉਸ ਘਰ ਨਾ ਟਿਕ ਸਕੀ ਅਤੇ ਘਰੋਂ ਆਤਮ ਹੱਤਿਆ ਲਈ ਨਿਕਲ ਗਈ।

*ਪੰਜ ਭਰਾ ਸੀ ਬੇਬੇ ਉਹ, ਤੇ ਵਿਆਹਿਆ ਹੋਇਆ ਉਹ ਕੱਲ੍ਹਾ ਈ ਸੀ। ਬੁਰਛਿਆਂ ਵਰਗੇ ਸਾਰੇ ਈ ਵੇਲਾ ਕੁਵੇਲਾ ਤਕਾਉਂਦੇ ਰਿਹਾ ਕਰਨ।* [4]

ਉਸ ਸਮੇਂ ਸਮਾਜ ਵਿਚ ਕੁੜੀਆਂ ਦੇ ਪੁੰਨ ਦੇ ਵਿਆਹ ਘੱਟ ਹੁੰਦੇ ਸਨ ਭਾਵ ਪੈਸੇ ਲੈ ਵਿਆਹ ਨਾ ਕਰਨਾ। ਉਸ ਸਮੇਂ ਜ਼ਿਆਦਾ ਤਰ ਪੈਸੇ ਲੈ ਕੇ ਕੀਤੇ ਜਾਂਦੇ ਸਨ। ਮਾਪਿਆਂ ਵੱਲੋਂ ਲੜਕੀਆਂ ਨੂੰ ਬੁੱਢੇ-ਠੇਰਿਆਂ ਨੂੰ ਵੇਚ ਦਿੱਤਾ ਜਾਂਦਾ ਸੀ। ਭਾਵੇਂ ਸਮਾਜ ਦੀ ਨਜ਼ਰ ਵਿਚ ਇਹ ਵਿਆਹ ਹੁੰਦੇ ਸਨ, ਪਰ ਇਹ ਵਿਆਹ ਨਹੀਂ 'ਨਰੜ' ਹੁੰਦੇ ਸਨ। ਔਰਤਾਂ ਇਹੋ ਜਿਹੇ ਵਿਆਹਾਂ ਤੋਂ ਨਾਵਲ ਦੀ ਪਾਤਰ ਭਾਨੋਂ ਵਾਂਗ ਖ਼ੁਸ਼ ਨਹੀਂ ਹੁੰਦੀਆਂ ਸਨ। ਨਾਵਲ ਦੀ ਪਾਤਰ ਭਾਨੋਂ ਆਪਣੇ ਨਰੈਣ ਨਾਲ ਵਿਆਹ ਤੋਂ ਨਾਖ਼ੁਸ਼ ਸੀ। ਇਸੇ ਕਰਕੇ ਉਹ ਆਪਣੇ ਹਾਣ ਪਰਵਾਨ ਦੇ ਪਹਿਲੇ ਪਿਆਰ(ਸਰਵਣ) ਨੂੰ ਨਹੀਂ ਭੁੱਲਦੀ। ਭਾਨੋਂ ਦਾ ਬਾਪੂ ਜਦੋਂ ਭਾਨੋਂ ਦਾ ਮੁੱਲ ਵਿਆਹ ਕਰਨ ਬਾਰੇ ਸੋਚਦਾ ਹੈ ਤਾਂ ਭਾਨੋਂ ਵਿਆਹ ਨਾਲੋਂ ਗੰਗਾ ਦਰਿਆ ਵਿਚ ਡੁੱਬ ਮਰਨ ਨੂੰ ਤਰਜੀਹ ਦਿੰਦੀ ਹੈ।

ਭਾਰਤੀ ਸਮਾਜ ਵਿਚ ਔਰਤ ਦੀ ਨਿਗੂਣੀ ਸਥਿਤੀ ਦਾ ਇਕ ਕਾਰਨ ਅਨਪੜ੍ਹਤਾ ਵੀ ਰਹੀ ਹੈ, ਜਿਸ ਕਾਰਨ ਔਰਤ ਹੀ ਔਰਤ ਦੇ ਵਿਰੁੱਧ ਭੁਗਤਦੀ ਰਹੀ ਹੈ। ਨਾਵਲ ਵਿਚਲੀਆਂ ਪਾਤਰ ਦਿਆਲੋ ਅਤੇ ਬਚਨੀ ਜੋ ਭਾਨੋਂ ਬਾਰੇ ਕੁਝ ਵੀ ਨਹੀਂ ਜਾਣਦੀਆਂ ਪਰ ਆਪਣੇ ਹੀ ਵਿਚਾਰਾਂ ਨਾਲ ਭਾਨੋਂ ਉੱਪਰ ਊਜਾਂ ਲਾਉਂਦੀਆਂ ਰਹਿੰਦੀਆਂ ਹਨ:

*ਨੀ, ਜਾ ਵੱਢੇ ਦੀ ਚੰਗੀ ਭਲੀ ਸਾਬਤੀ ਤੀਵੀਂ ਐ ਖਬਰਨੀ ਕੀਹਦਾ ਘਰ ਪੱਟ ਕੇ ਆਈ ਹੋਊ। ਆਪਣੇ ਮੁੰਡੇ ਨੂੰ ਸਕੂਲ ਭੇਜਣ ਲਈ ਵਾਲ ਵਹੁੰਦੀ ਬਚਨੀ ਬੋਲੀ।* [5]

*ਉਂ ਤਾਂ ਬਚਨੀ ਰੱਬ ਈ ਜਾਣਦੈ, ਪਰ ਏਸ ਉਮਰ ਵਿਚ ਤਿਮੀਂਆ ਉਈਂ ਨੀ ਤੁਰ ਪੈਂਦੀਆਂ। ਅੰਤਰ ਮੱਤ ਦੀ ਗੱਲ ਹੋਰ ਹੁੰਦੀ ਐ।* [6]

ਨਾਵਲ ਦੀ ਔਰਤ ਪਾਤਰ ਸੰਤੀ ਜੋ ਭਾਨੋਂ ਨਾਲ ਹਮਦਰਦੀ ਰੱਖਦੀ ਹੈ ਇਕ ਨਾਰੀਵਾਦੀ ਪਾਤਰ ਦੇ ਤੌਰ ਤੇ ਪ੍ਰਸਤੁਤ ਹੁੰਦੀ ਹੈ। ਪਰ ਮਰਦ ਦੀ ਵਧੀਕੀ ਅੱਗੇ ਕਦੀ ਵੀ ਢਾਲ ਬਣਕੇ ਭਾਨੋਂ ਦੇ ਅੱਗੇ ਜਾਂ ਨਾਲ ਹੋ ਕੇ ਨਹੀਂ ਖਲੋਤੀ ਅਤੇ ਉਸ ਨੇ ਭਾਨੋਂ ਦਾ ਅਮਲੀ ਤੌਰ ਤੇ ਕਦੀ ਵੀ ਦੁਖ ਦੂਰ ਕਰਨ ਦਾ ਹੌਸਲਾ ਨਹੀਂ ਕੀਤਾ। ਇੱਥੋਂ ਤਕ ਉਹ ਤਾਂ ਨਰੈਣੇ ਵਰਗੇ ਅਮਲੀ, ਕਮਜ਼ੋਰ ਬੰਦੇ ਤੋਂ ਵੀ ਡਰਦੀ ਹੈ। ਇਹ ਵੀ ਭਾਰਤੀ ਔਰਤ ਦਾ ਸਮਾਜਕ ਦੁਖਾਂਤ ਨਹੀਂ ਤਾਂ ਹੋਰ ਕੀ ਹੈ?

ਅਮਲੀ ਤੇ ਕਮਜ਼ੋਰ ਹੋਏ ਮਰਦ ਨਾਲ ਚੰਗੀ-ਭਲੀ ਨੌਜਵਾਨ ਔਰਤ ਦਾ ਵਿਆਹੇ ਜਾਣਾ ਸਮਾਜਕ, ਸਰੀਰਕ ਅਤੇ ਮਾਨਸਿਕ ਦੁਖਾਂਤ ਹੈ। ਕਿਉਂਕਿ ਨੌਜਵਾਨ ਮਨ ਅਤੇ ਸਰੀਰ ਦੀ ਇੱਛਾ/ਚਾਹਤ/ਵਲਵਲੇ ਅਮਲੀ, ਕਮਜ਼ੋਰ ਅਤੇ ਅਧਖੜ ਮਰਦ ਪੂਰਨ ਨਹੀਂ ਕਰ ਸਕਦਾ ਅਤੇ ਉਹ ਨਾ ਤਾਂ ਔਰਤ ਨੂੰ ਸਰੀਰਕ ਸੁੱਖ ਦੇ ਸਕਦਾ ਹੈ ਅਤੇ ਨਾ ਹੀ ਮਾਨਸਿਕ, ਸਮਾਜਕ ਸੁੱਖ। ਅਮਲੀਆਂ ਦੇ ਘਰ ਸ਼ਰਾਬੀਆਂ, ਜੁਆਰੀਆਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ ਜਦੋਂ ਉਹ ਕਬੀਲਦਾਰ ਭਾਵ ਵਿਆਹਿਆ ਜਾਂਦਾ ਹੈ ਤਾਂ ਉਸ ਦੇ ਅਮਲੀ ਆੜੀ(ਦੋਸਤ) ਉਸ ਦੀ ਘਰ ਵਾਲੀ ਨੂੰ ਮਾੜੀ ਨਜ਼ਰ ਨਾਲ ਤੱਕਦੇ ਹਨ। ਇਨ੍ਹਾਂ ਸਪੋਲੀਏ ਕਿਸਮ ਦੇ ਮਰਦਾਂ ਤੋਂ ਇੱਜ਼ਤਦਾਰ ਔਰਤ ਲਈ ਬਚਣਾ ਵੱਡੀ ਮੁਸੀਬਤ ਤਾਂ ਹੈ ਨਾਲ ਹੀ ਇਕ ਸੰਤਾਪ ਵੀ ਹੈ ਜੋ ਉਸ ਨੂੰ ਔਰਤ ਹੋਣ ਕਰਕੇ ਭੋਗਣਾ ਪੈਂਦਾ ਹੈ। ਨਾਵਲ ਵਿਚ ਦਿਆਲੋ ਕਾ ਜਾਗਰ ਸ਼ਰਾਬ ਪੀਣ ਦੇ ਬਹਾਨੇ ਭਾਨੋਂ ਨੂੰ ਇਕੱਲੀ ਵੇਖ ਕੇ ਉਸ ਦੀ ਬਾਂਹ ਫੜਦਾ ਹੈ ਅਤੇ ਉਸ ਦੀ ਇੱਜ਼ਤ ਨੂੰ ਹੱਥ ਪਾਉਣ ਦਾ ਹੌਸਲਾ ਕਰ ਲੈਂਦਾ ਹੈ ਤਾਂ ਭਾਨੋਂ ਭੱਜ ਕੇ ਸੰਤੀ ਦੇ ਘਰ ਜਾ ਕੇ ਆਪਣੀ ਇੱਜ਼ਤ ਬਚਾਉਂਦੀ ਹੈ।

*ਤੂੰ ਤਾਂ ਲਹੂ ਪੀ ਲਿਆ ਮੇਰਾ, ਨਾ ਦਿਨੇ ਚੈਨ ਨਾ ਰਾਤ ਨੂੰ। ਦੋ ਮਹੀਨੇ ਹੋਗੇ ਗੇੜੇ ਕੱਢਦੇ ਨੂੰ, ਨਰੈਣ ਵੀ ਕੋਈ ਬੰਦੈ ਜੀਹਦੀ ਖਾਤਰ ਮੇਰੇ ਨਾਲ ਇਉਂ ਕਰਦੀ ਐਂ? ਜਾਗਰ ਨੇ ਉਸ ਨੂੰ ਛਟਪਟਾਂਦੀ ਨੂੰ ਬਾਹਵਾਂ ਵਿਚ ਨਪੀੜ ਕੇ ਕਿਹਾ।....*

*ਭਾਨੋਂ ਨੱਠ ਕੇ ਅੱਗ ਦੇ ਭਬੂਕੇ ਵਾਂਗੂੰ ਬਾਹਰ ਨਿਕਲ ਗਈ। ਉਸੇ ਤਰ੍ਹਾਂ ਬਾਰ ਖੁਲ੍ਹਾ ਛੱਡ ਉਹ ਡਰੀ ਘਬਰਾਈ ਸੰਤੀ ਦੇ ਘਰ ਜਾ ਵੜੀ।* [7]

ਇਸ ਤਰ੍ਹਾਂ ਦੀਆਂ ਘਟਨਾਵਾਂ ਕੇਵਲ ਅਤੀਤ ਵਿਚ ਹੀ ਨਹੀਂ ਵਾਪਰਦੀਆਂ ਸਨ ਸਗੋਂ ਆਧੁਨਿਕ ਸਮਾਜ ਵਿਚ ਵੀ ਆਮ ਹੀ ਵਾਪਰਦੀਆਂ ਵੇਖੀਆਂ ਜਾ ਸਕਦੀਆਂ ਹਨ। ਇਸ ਸਾਰੀ ਸਥਿਤੀ ਵਿਚ ਔਰਤ ਦਾ ਹੀ ਨਪੀੜਨ ਹੁੰਦਾ ਹੈ ਅਤੇ ਉਸ ਨੂੰ ਹੀ ਦੋਸ਼ੀ ਬਣਾ ਦਿੱਤਾ ਜਾਂਦਾ ਹੈ। ਪੰਜਾਬੀ ਦੀ ਪ੍ਰਸਿੱਧ ਕਹਾਵਤ ਅਨੁਸਾਰ 'ਨਾਲੇ ਚੋਰ, ਨਾਲੇ ਚਤਰ' ਵਾਲੀ ਗੱਲ ਅਨੁਸਾਰ ਜਾਗਰ ਜੋ ਭਾਨੋਂ ਦੀ ਇੱਜ਼ਤ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਹੀ ਭਾਨੋਂ ਉੱਪਰ ਲੂਣਾ ਵਾਂਗ ਊਜਾਂ ਲਾਉਂਦਾ ਹੋਇਆ ਨਰੈਣ ਦੇ ਭਾਨੋਂ ਖ਼ਿਲਾਫ਼ ਕੰਨ ਭਰਦਾ ਹੈ। ਇਸ ਸਮੁੱਚੀ ਸਥਿਤੀ ਵਿਚ ਨਰੈਣਾ ਬਿਨਾਂ ਸੋਚੇ ਸਮਝੇ ਅਤੇ ਜਾਂਚੇ ਜਾਗਰ ਦੀਆਂ ਗੱਲਾਂ ਵਿਚ ਆ ਕੇ ਭਾਨੋਂ ਨੂੰ ਬੁਰਾ ਭਲਾ ਹੀ ਨਹੀਂ ਬੋਲਦਾ ਸਗੋਂ ਪਰਾਣੀ ਨਾਲ ਕੁੱਟਦਾ ਵੀ ਹੈ। ਔਰਤ ਭਾਨੋਂ ਆਪਣੇ ਉੱਪਰ ਹੋਏ ਬੇਵਜ੍ਹਾ ਤਸ਼ੱਦਦ ਨੂੰ ਬਰਦਾਸ਼ਤ ਕਰਦੀ ਹੋਈ ਅੰਦਰੋ ਅੰਦਰ ਪੀ ਜਾਂਦੀ ਹੈ, ਅਜਿਹਾ ਕਰਨ ਤੋਂ ਬਿਨਾਂ ਉਸ ਕੋਲ ਕੋਈ ਚਾਰਾ ਵੀ ਨਹੀਂ ਸੀ। ਬਾਅਦ ਵਿਚ ਭਾਵੇਂ ਨਰੈਣਾਂ ਭਾਨੋਂ ਕੋਲ ਆਪਣੀ ਗ਼ਲਤੀ ਦਾ ਅਹਿਸਾਸ ਕਰਦਾ ਹੈ ਪਰ ਉਸ ਨੂੰ ਗ਼ਲਤੀ ਦਾ ਅਹਿਸਾਸ ਬਹੁਤ ਦੇਰ ਬਾਅਦ ਹੁੰਦਾ ਹੈ, ਜਿਸ ਦਾ ਕੋਈ ਫ਼ਾਇਦਾ ਨਹੀਂ ਹੈ।

*ਨਰੈਣ ਨੇ ਭੜੋਲੀ ਕੋਲੋਂ ਆਰ ਵਾਲੀ ਪਰਾਣੀ ਚੁੱਕ ਲਈ। ਹੀਲ ਨਾ ਕੀਤੀ ਹੁੱਜਤ, ਧੇ ਧੇ ਭਾਨੋ ਨੂੰ ਕੁੱਟਣ ਲੱਗ ਪਿਆ।* [8]

ਨਾਵਲ ਦੀ ਪਾਤਰ ਬਚਨੀ ਤੋਂ ਔਰਤ ਦਾ ਇਕ ਹੋਰ ਸਮਾਜਕ ਪੱਖ ਉਜਾਗਰ ਹੁੰਦਾ ਹੈ। ਪੰਜਾਬੀ ਸਮਾਜ ਵਿਚ ਜਿਸ ਔਰਤ ਦੇ ਭਰਾ ਤਾਕਤਵਰ ਹੋਣ ਉਸ ਦੀਆਂ ਸਹੁਰੇ ਘਰ ਵਿਚ ਸਮੱਸਿਆਵਾਂ ਘੱਟ ਜਾਂ ਖ਼ਤਮ ਹੋ ਜਾਂਦੀਆਂ ਹਨ। ਪਰ ਭਾਨੋਂ ਵਰਗੀਆਂ ਔਰਤਾਂ ਜਿਨ੍ਹਾਂ ਦਾ ਅੱਗੇ-ਪਿੱਛੇ ਕੁਝ ਨਹੀਂ ਹੁੰਦਾ ਉਨ੍ਹਾਂ ਦੀ ਜੂਨ ਤਾਂ ਪਸ਼ੂਆਂ ਤੋਂ ਵੀ ਬਦਤਰ(ਭੈੜੀ) ਹੁੰਦੀ ਹੈ।

*ਮੇਰੇ ਨਾਲ ਵੀ ਕੇਰਾਂ ਲੱਗਿਆਂ ਸੀ ਛੋਟੇ ਦਾ ਬਾਪੂ ਇਉਂ ਈ ਕਰਨ। ਬੁੜ੍ਹੀ ਜੀਊਂਦੀ ਸੀ ਉਦੋਂ ਸਾਡੀ। ਭਿੱਤੀਆਂ ਦਿੰਦੀ ਰਿਹਾ ਕਰੇ ਤੇ ਤੀਏ ਦਿਨ ਡੰਡਾ ਲੈ ਕੇ ਇਹ ਮੇਰੇ ਦੁਆਲੇ ਹੋ ਜਿਹਾ ਕਰੇ। ਮੈਂ ਹਾਰ ਕੇ ਆਪਣੇ ਭਾਈਆਂ ਨੂੰ ਦੱਸਿਆ। ਓਦਣੇ ਆ ਗੇ ਤਿੰਨੇ, ਆਖਣ ਲੱਗੇ ਸਾਡੀ ਭੈਣ ਦਾ ਕਸੂਰ ਦੱਸ। ਫੇਰ ਤਾਂ ਯਈਂ ਯਈਂ ਕਰੇ ਮੂਹਰੇ। ਮੁੜ ਕੇ ਅੱਜ ਹੱਥ ਚੱਕਦੈ। ਬਚਨੀ ਨੇ ਦੱਸਿਆ।* [9]

ਨਾਵਲਕਾਰਾ ਨੇ ਇਸ ਨਾਵਲ ਦੇ ਮਾਧਿਅਮ ਜ਼ਰੀਏ ਔਰਤਾਂ ਦੀ ਮਾਨਸਿਕਤਾ ਅਤੇ ਸਮਾਜਕਤਾ ਦਾ ਇਕ ਹੋਰ ਪੱਖ ਸਾਹਮਣੇ ਲਿਆਂਦਾ ਹੈ। ਨਾਵਲ ਵਿਚ ਔਰਤਾਂ ਅੰਧ ਵਿਸ਼ਵਾਸ ਨੂੰ ਮੰਨਦੀਆਂ ਹਨ, ਸੰਤਾਂ, ਸਾਧੂਆਂ ਤੋਂ ਮੁੰਡੇ ਦੀ ਦਾਤ ਲੈਣ ਜਾਣਾ, ਧਾਗੇ ਤਵੀਤ ਕਰਵਾਉਣੇ, ਟੂਣੇ ਕਰਨੇ, ਸਰਾਧ ਕਰਵਾਉਣ ਵਰਗੇ ਪਾਖੰਡ ਕਰਦੀਆਂ ਹਨ ਜਾਂ ਕਰਮ-ਕਾਂਡ ਵਿਚ ਲਿਪਤ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਅਲਾਮਤਾਂ ਅਤੀਤ ਵਿਚ ਹੀ ਨਹੀਂ ਸਗੋਂ ਅਜੋਕੇ ਸਮਾਜ ਵਿਚ ਵੀ ਜਿਉਂ ਦੀਆਂ ਤਿਉਂ ਹੀ ਬਰਕਰਾਰ ਹਨ। ਵਰਤਮਾਨ ਸਮੇਂ ਵਿਚ ਪਿੰਡਾਂ ਦੀਆਂ ਔਰਤਾਂ ਪਾਖੰਡੀ ਬਾਬਿਆਂ ਕੋਲ ਤਵੀਤ ਕਰਵਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਇਹ ਵਰਤਾਰਾ ਪਿੰਡਾਂ ਤਕ ਹੀ ਸੀਮਤ ਨਹੀਂ ਸਗੋਂ ਸ਼ਹਿਰਾਂ ਵਿਚ ਵੀ ਮੌਜੂਦ ਹੈ ਫ਼ਰਕ ਕੇਵਲ ਇਹ ਹੈ ਕਿ ਇੱਥੇ ਬਾਬਿਆਂ ਦੀ ਥਾਂ ਜੋਤਸ਼ੀਆਂ ਨੇ ਲੈ ਲਈ ਹੈ। ਸ਼ਹਿਰਾਂ ਵਿਚ ਪੜ੍ਹੀਆਂ ਲਿਖੀਆਂ ਅਤੇ ਨੌਕਰੀਪੇਸ਼ਾ ਔਰਤਾਂ ਵੀ ਆਪਣੀ ਮਾਨਸਿਕ ਸੰਤੁਸ਼ਟੀ ਲਈ ਪੰਡਿਤਾਂ ਦਾ ਸਹਾਰਾ ਲੈਂਦੀਆਂ ਹਨ ਅਤੇ ਕਈ ਵਾਰ ਇਹ ਭਵਿਖ ਸਵਾਰਨ ਵਾਲੇ ਬਾਬੇ/ਪੰਡਿਤ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਕਰ ਜਾਂਦੇ ਹਨ। ਸਮਾਜ ਵਿਚ ਪਾਖੰਡੀ ਬਾਬਿਆਂ ਦੀ ਗਿਣਤੀ ਬਹੁਤਾਤ ਵਿਚ ਹੈ ਅਤੇ ਇਨ੍ਹਾਂ ਦੇ ਭਗਤ ਵੀ ਵੱਡੀ ਗਿਣਤੀ ਵਿਚ ਮੌਜੂਦ ਹਨ। ਵਰਤਮਾਨ ਵਿਚ ਤਾਂ ਇਹੋ ਜਿਹੇ ਪਾਖੰਡੀ ਬਾਬੇ ਮੀਡੀਆ ਦਾ ਸਹਾਰਾ ਵੀ ਲੈ ਰਹੇ ਹਨ। ਸਵੇਰ ਹੁੰਦਿਆਂ ਹੀ ਵੱਖ-ਵੱਖ ਟੀ.ਵੀ ਚੈਨਲਾਂ ਉੱਪਰ ਇਨ੍ਹਾਂ ਦੇ ਪਾਖੰਡੀ ਬਾਬਿਆਂ ਦੇ ਪ੍ਰਵਚਨ ਵੇਖੇ ਜਾ ਸਕਦੇ ਹਨ। ਆਧੁਨਿਕ ਸਮਾਜ ਵਿਚ ਟੂਣੇ, ਧਾਗੇ-ਤਵੀਤ ਅਤੇ ਭਵਿੱਖ ਸਵਾਰਨ ਦੇ ਨਾਮ ਉੱਪਰ ਉਪਾਅ/ਕਰਮ-ਕਾਂਡ ਵੱਡੀ ਗਿਣਤੀ ਵਿਚ ਹੋ ਰਹੇ ਹਨ। ਨਾਵਲ ਵਿਚ ਔਰਤ ਪਾਤਰ ਸੰਤੀ ਅਤੇ ਭਾਨੋਂ ਦਾ ਵਾਰਤਾਲਾਪ ਉਨ੍ਹਾਂ ਦਾ ਅੰਧ ਵਿਸ਼ਵਾਸੀ ਅਤੇ ਭੂਤ ਪ੍ਰੇਤਾਂ ਵਿਚ ਯਕੀਨ ਹੋਣ ਨੂੰ ਪ੍ਰਸਤੁਤ ਕਰਦਾ ਹੈ। ਸੰਤੀ ਭਾਨੋਂ ਨੂੰ ਕਹਿੰਦੀ ਹੈ:

*ਓਨ੍ਹੂੰ ਨਾ ਤੂੰ ਹੁਣ ਏਨਾ ਯਾਦ ਕਰਿਆ ਕਰ। ਮਰੇ ਨੀ ਕਿਸੇ ਦੇ ਮਿੱਤ ਹੁੰਦੇ। ....* [10]

ਪੰਜਾਬੀ ਸਮਾਜ ਵਿਚ ਔਰਤ ਭਾਵੇਂ ਕਿੰਨੀ ਵੀ ਸੁਚੱਜੀ ਕਿਉਂ ਨਾ ਹੋਵੇ, ਉਹ ਭਾਨੋਂ ਵਾਂਗ ਆਪਣੀ ਨਨਾਣ ਕਰਤਾਰੀ ਦੀ ਲੜਕੀ ਦੇ ਵਿਆਹ ਕਿੰਨੇ ਵੀ ਸੁਚੱਜੇ ਢੰਗ ਨਾਲ ਕਰੇ ਪਰ ਜੇ ਉਸ ਦੇ ਔਲਾਦ ਨਾ ਹੋਵੇ ਤਾਂ ਸਾਰਾ ਕਸੂਰ ਔਰਤ ਦੇ ਸਿਰ ਉੱਪਰ ਹੀ ਆਉਂਦਾ ਹੈ। ਬੇਔਲਾਦ ਦਾ ਕਾਰਨ ਭਾਵੇਂ ਨਰੈਣੇ ਅਮਲੀ ਵਾਂਗ ਮਰਦ ਹੋਵੇ ਤਾਂ ਵੀ ਇਸ ਦਾ ਕਾਰਨ ਔਰਤ ਨੂੰ ਹੀ ਸਮਝਿਆ ਜਾਂਦਾ ਹੈ। ਇਸ ਪ੍ਰਕਾਰ ਦੀ ਸਥਿਤੀ ਪੁਰਾਤਨ ਸਮਾਜ ਵਿਚ ਹੀ ਨਹੀਂ ਸਗੋਂ ਅਜੋਕੇ ਸਮਾਜ ਵਿਚ ਵੀ ਬਣੀ ਹੋਈ ਹੈ। ਔਲਾਦ ਨਾ ਹੋਣ ਤੇ ਔਰਤ ਨੂੰ ਸਮਾਜ

ਵੱਲੋਂ ਤਾਨ੍ਹੇ ਮਿਹਣੇ ਮਾਰੇ ਹੀ ਨਹੀਂ ਮਾਰੇ ਜਾਂਦੇ ਸਗੋਂ ਉਸ ਨੂੰ ਓਪਰੀ ਨਜ਼ਰ ਨਾਲ ਵੀ ਤੱਕਿਆ ਜਾਂਦਾ ਹੈ ਅਤੇ ਕਈ ਵਾਰ ਪਰਿਵਾਰ ਵੱਲੋਂ ਮਾਰ ਕੁੱਟ ਕੇ ਘਰੋਂ ਵੀ ਕੱਢ ਦਿੱਤਾ ਜਾਂਦਾ ਹੈ। ਸਾਡੇ ਸਮਾਜ ਦਾ ਇਕ ਹੋਰ ਕਲੰਕ ਭਰੂਣ ਹੱਤਿਆ ਹੈ, ਜੋ ਕੁੜੀ ਮਾਰ ਦਾ ਬਦਲਵਾ ਜਾਂ ਆਧੁਨਿਕ ਰੂਪ ਹੈ। ਬੱਚਾ ਨਾ ਹੋਣ ਦਾ ਕਸੂਰ ਵੀ ਔਰਤ ਸਿਰ ਮੜ੍ਹਿਆ ਜਾਂਦਾ ਅਤੇ ਜੇ ਕਿਧਰੇ ਕੁੜੀ ਜਾਂ ਲੜਕੀ ਦਾ ਜਨਮ ਹੋ ਜਾਵੇ ਉਸ ਲਈ ਵੀ ਔਰਤ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਜਦਕਿ ਮੈਡੀਕਲ ਸਾਇੰਸ ਅਨੁਸਾਰ ਲੜਕੀ ਜਾਂ ਲੜਕੇ ਪੈਦਾ ਹੋਣ ਦਾ ਸਿੱਧਾ ਸੰਬੰਧ ਮਰਦ ਨਾਲ ਹੁੰਦਾ ਹੈ। ਪਰ ਸਾਡੇ ਸਮਾਜ ਵਿਚ ਅਜਿਹੀਆਂ ਸਥਿਤੀਆਂ ਵਿਚ ਵੀ ਔਰਤ ਨੂੰ ਹੀ ਦੁੱਖਾਂਤ ਭੋਗਣਾ ਪੈਂਦਾ ਹੈ।

ਸਮਾਜ ਵਿਚ ਜੇ ਕੋਈ ਔਰਤ ਆਪਣੀ ਹੱਦ ਪਾਰ ਕਰਕੇ ਭਾਵ ਆਪਣੇ ਪਤੀ ਤੋਂ ਬਗੈਰ ਦੂਜੇ ਮਰਦ ਨਾਲ ਸਰੀਰਕ ਸੰਬੰਧ ਬਣਾ ਕੇ ਭਾਗਵੰਤੀ ਦੀ ਤਰ੍ਹਾਂ ਔਲਾਦ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ ਪਰਿਵਾਰ ਅਤੇ ਸਮਾਜ ਵਿਚ ਆਪਣੇ ਪੈਰ ਤੇ ਧਾਕ ਜਮਾ ਲੈਂਦੀ ਹੈ। ਜਿਵੇਂ ਨਾਵਲ ਵਿਚ ਭਾਗਵੰਤੀ ਨੇ ਕੀਤਾ ਉਹ ਸਮਾਜ ਦੀ ਲਕੀਰ ਪਾਰ ਕਰਕੇ ਔਲਾਦ ਪ੍ਰਾਪਤ ਕਰਦੀ ਹੈ ਅਤੇ ਨਰੈਣੇ ਅਮਲੀ ਦੇ ਘਰ ਪਰਿਵਾਰ ਵਿਚ ਆਪਣੀ ਧਾਕ ਜਮਾ ਲੈਂਦੀ ਹੈ ਜਾਂ ਪੈਰ ਜਮਾ ਲੈਂਦੀ ਹੈ। ਭਾਵੇਂ ਕਿ ਇਹ ਸਭ ਕੁਝ ਜੋ ਭਾਗਵੰਤੀ ਨੇ ਕੀਤਾ ਇਖ਼ਲਾਕੀ ਪੱਖੋਂ ਸਮਾਜਕ ਕਦਰਾਂ-ਕੀਮਤਾਂ ਦੇ ਵਿਰੁੱਧ ਸੀ। ਇਹ ਵੀ ਇਕ ਸਮਾਜਕ ਦੁਖਾਂਤ ਨੂੰ ਹੁਲਾਰਾ ਦਿੰਦਾ ਹੈ।

*ਰੱਬ ਤੇਰੇ ਕੰਨੀ ਵੀ ਕਿਤੇ ਭੁੱਲ ਜਾਂਦਾ। ਪਰ ਕਹਿੰਦੇ ਨੇ ਭਗਤਾਂ ਨੂੰ ਈਂ ਭੀੜਾਂ ਨੇ। ਭਾਗਵੰਤੀ ਵਰਗੀ ਹੁੰਦੀ ਤਾਂ ਕਦੋਂ ਦੀ..........।* [11]

ਬੇਔਲਾਦ ਅਤੇ ਘਰ ਵਿਚ ਭਾਗਵੰਤੀ ਦੀ ਪ੍ਰਧਾਨਗੀ ਹੋਣ ਕਾਰਨ ਆਖ਼ਰਕਾਰ ਨੇਕ ਅਤੇ ਸੁਚੱਜੀ ਔਰਤ ਭਾਨੋਂ ਨੂੰ ਅੱਗੇ ਵਿਕਣਾ ਪੈਂਦਾ ਹੈ। ਅਮਲੀ ਨਰੈਣਾ ਬੁੱਢੇ ਚੋਦੇ ਆਲੇ ਫੱਤੇ ਕੋਲ ਭਾਨੋਂ ਨੂੰ ਵੇਚ ਦਿੰਦਾ ਹੈ ਅਤੇ ਜਿਸ ਘਰ ਉਸ ਨੇ ਲਿੰਬਿਆ-ਪੋਚਿਆ, ਸਵਾਰਿਆ ਅਤੇ ਰਿਜ਼ਕ ਨਾਲ ਭਰਿਆ ਸੀ ਉਸੇ ਘਰ ਖ਼ਾਲੀ ਹੱਥ ਦਿਲ ਉੱਪਰ ਪੱਥਰ ਰੱਖ ਕੇ ਸੱਖਣੇ ਹੱਥੀ ਛੱਡਣਾ ਪੈਂਦਾ ਹੈ। ਔਰਤ ਲਈ ਅਜਿਹੀਆਂ ਸਥਿਤੀਆਂ ਸਮਾਜਕ ਦੁਖਾਂਤ ਦਾ ਸਿਖਰ ਹੈ। ਅੱਜ ਦੀ ਜ਼ਿੰਦਗੀ ਵਿਚ ਵੀ ਔਰਤ ਦੀ ਖ਼ਰੀਦ-ਵੇਚ ਕੀਤੀ ਜਾਂਦੀ ਹੈ ਭਾਵੇਂ ਉਹ ਵਿਆਹ ਲਈ ਹੋਵੇ ਜਾਂ ਸਰੀਰਕ ਤ੍ਰਿਪਤੀ ਲਈ। ਅੱਜ ਵੀ ਜਿਸ ਦਾ ਵਿਆਹ ਨਹੀਂ ਹੁੰਦਾ ਜਾਂ ਉਮਰ ਲੰਮੇਰੀ ਹੋ ਜਾਂਦੀ ਹੈ ਉਹ ਔਰਤ ਖ਼ਰੀਦ ਕੇ ਲਿਆਉਂਦਾ ਹੈ ਭਾਵੇਂ ਕਿ ਇਸ ਦਾ ਰੂਪ ਬਦਲ ਗਿਆ ਹੈ। ਹੁਣ ਇਹ ਖਰੀਦ ਮੈਰਿਜ ਬਿਊਰੋ ਵਾਲੇ ਵਿਚੋਲੇ ਕਰਦੇ ਹਨ। ਔਰਤਾਂ ਦੀ ਖ਼ਰੀਦ ਵੇਚ ਕਰਨ ਵਾਲੇ ਗਰੋਹ ਸਮਾਜ ਵਿਚ ਕਾਰਜਸ਼ੀਲ ਆਮ ਮਿਲ ਜਾਂਦੇ ਹਨ। ਸਰੀਰਕ ਤ੍ਰਿਪਤੀ ਅਤੇ ਹਵਸ ਮਿਟਾਉਣ ਲਈ ਵੀ ਔਰਤ ਦੀ ਖ਼ਰੀਦ ਕੀਤੀ ਜਾਂਦੀ ਹੈ। ਇਹ ਔਰਤ ਦੇ ਸਮਾਜਕ ਦੁਖਾਂਤ ਦਾ ਸਿਖਰ ਹੈ, ਜਿਸ ਵਿਚ ਔਰਤ ਚੱਕੀ ਦੇ ਆਟੇ ਦੀ ਤਰ੍ਹਾਂ ਪਿਸਦੀ ਹੈ। ਜਦੋਂ ਇਕ ਪਤੀ ਦੇ ਘਰ ਦੋ ਔਰਤਾਂ ਭਾਵ ਸੌਂਕਣ ਹੋਵੇ ਤਾਂ ਵੀ ਔਰਤ ਦੁੱਖਾਂ ਦਾ ਸਾਹਮਣਾ ਕਰਦੀ ਹੈ। ਨਾਵਲ ਵਿਚ ਭਾਗਵੰਤੀ ਸ਼ਰੀਫ਼ ਭਾਨੋਂ ਦੇ ਨਾਲ ਧੌਲ਼-ਧੱਫਾ ਵੀ ਕਰ ਦਿੰਦੀ ਹੈ ਭਾਵ ਉਸ ਦੀ ਕਸ਼ਟ ਦਿੰਦੀ ਹੈ ਅੰਤ ਭਾਗਵੰਤੀ ਆਪਣੀ ਸੌਂਕਣ ਭਾਨੋਂ ਨੂੰ ਘਰੋਂ ਕਢਵਾਕੇ ਹੀ ਸਾਹ ਲੈਂਦੀ ਹੈ। ਅਜਿਹੀ ਸਥਿਤੀ ਵਿਚ ਭਾਵੇਂ ਔਰਤ ਹੀ ਔਰਤ ਦੇ ਕਸ਼ਟ ਦਾ ਕਾਰਨ ਬਣਦੀ ਹੈ ਪਰ ਇਸ ਪਿੱਛੇ ਪਿਆ ਹੋਇਆ ਸਭ ਤੋਂ ਵੱਡਾ ਕਾਰਨ ਸਮਾਜ ਦੀ ਮਰਦ ਪ੍ਰਧਾਨ ਮਾਨਸਿਕਤਾ ਹੈ।

*ਜੇ ਮੁੰਡਾ ਨਾ ਹੁੰਦਾ ਮੈਂ ਸਾਲੀ ਨੂੰ ਆਖਦਾ ਜਾਹ ਜਿੱਧਰ ਮਰਜੀ ਧੱਕੇ ਖਾਹ ਪਰ ਹੁਣ ਦੇਖ ਨਾ ਭਾਨੋ............।* [12]

ਦਲੀਪ ਕੌਰ ਟਿਵਾਣਾ ਨੇ ਨਾਵਲ ਵਿਚ ਦਲੇਰਾਨਾ ਢੰਗ ਨਾਲ ਗੁਰਦੁਆਰੇ ਵਿਖੇ ਹੋਈ ਘਟਨਾ ਦਾ ਚਿਤਰਨ ਪ੍ਰਸਤੁਤ ਕੀਤਾ ਹੈ। ਭਾਨੋਂ ਅਥਾਹ ਸ਼ਰਧਾ ਨਾਲ ਗੁਰਦੁਆਰੇ ਨਤਮਸਤਕ ਹੋ ਕੇ ਸੇਵਾ ਕਰਦੀ ਹੈ ਅਤੇ ਉੱਥੇ ਜਾ ਕੇ ਉਸ ਨੂੰ ਮਾਨਸਿਕ ਸਕੂਨ ਮਿਲਦਾ ਹੈ। ਪਰ 'ਗ਼ਰੀਬ ਦੀ ਰੰਨ ਸਭ ਦੀ ਭਾਬੀ' ਅਖਾਣ ਮੁਤਾਬਿਕ ਗੁਰਦੁਆਰੇ ਦਾ ਭਾਈ ਜੋ ਪਾਠੀ ਵਜੋਂ ਕਾਰਜਸ਼ੀਲ ਹੁੰਦਾ ਹੈ ਉਹ ਵੀ ਭਾਨੋਂ ਨੂੰ ਮਾੜੀ ਨਜ਼ਰ ਨਾਲ ਤੱਕਦਾ ਹੈ। ਜਦੋਂ ਇਕ ਦਿਨ ਭਾਨੋਂ ਗੁਰਦੁਆਰੇ ਨਤਮਸਤਕ ਹੋਣ ਜਾਂਦੀ ਹੈ ਤਾਂ ਉਹ ਭਾਈ ਉਸ ਦੀ ਬਾਂਹ ਫੜ੍ਹ ਲੈਂਦਾ ਹੈ। ਇਹ ਘਟਨਾ ਭਾਨੋਂ ਨੂੰ ਮਾਨਸਿਕ ਤੌਰ ਤੇ ਵਲੂੰਧਰ ਕੇ ਰੱਖ ਦਿੰਦੀ ਹੈ। ਧਾਰਮਿਕ ਸਥਾਨ ਜੋ ਰੱਬ ਦਾ ਘਰ ਹੁੰਦਾ ਹੈ ਉੱਥੇ ਅਜਿਹੀਆਂ ਘਟਨਾਵਾਂ ਵਾਪਰਨਾ ਸਮਾਜ ਦੇ ਇਕ ਮਾੜੇ ਪੱਖ ਨੂੰ ਪ੍ਰਸਤੁਤ ਕਰਦਾ ਹੈ।

*ਭਾਈ ਜੀ ਨੇ ਪਤਾਸੇ ਉਸ ਦੀ ਬੁੱਕ ਵਿਚ ਪਾ ਕੇ ਉਸ ਦੀ ਬਾਂਹ ਫੜ ਲਈ।*

*ਗੁਰੂ ਦੱਛਣਾ ਨੀ ਦੇਣੀ? ਭਾਈ ਜੀ ਨੇ ਦਾੜ੍ਹੀ ਮੁੱਛਾਂ ਦੇ ਵਿਚੀਂ ਮੁਸਕ੍ਰਾਂਦਿਆਂ ਕਿਹਾ। ਭਾਨੋ ਹੱਕੀ ਬੱਕੀ ਰਹਿ ਗਈ।* [13]

ਨਾਵਲ ਵਿਚ ਲੇਖਿਕਾ ਨੇ ਔਰਤ ਦੀ ਸਮਾਜਕ ਸਥਿਤੀ ਨੂੰ ਬੜੇ ਸੁਚੱਜੇ ਢੰਗ ਨਾਲ ਉਭਾਰਿਆ ਹੈ। ਗੱਲ ਕੀ ਨਾਵਲ ਵਿਚ ਔਰਤ ਭਾਨੋਂ ਦੀ ਸਥਿਤੀ ਮਾੜੀ ਹੀ ਰਹੀ ਉਸ ਨੂੰ ਕਿਸੇ ਪਾਸਿਓਂ ਸੁੱਖ ਦਾ ਸਾਹ ਨਹੀਂ ਆਇਆ। 'ਜਿਓ ਜੰਮੀ ਬੋਦੀਓਂ ਲੰਮੀ' ਦੇ ਅਖਾਣ ਅਨੁਸਾਰ ਸਾਰੇ ਬੰਨੇ ਭਾਨੋਂ ਲਈ ਹਨੇਰਾ ਹੀ

ਰਿਹਾ ਹੈ। ਜੇ ਗੱਲ ਵਰਤਮਾਨ ਸਮੇਂ ਦੀ ਕਰੀਏ ਤਾਂ ਨਾਵਲ ਦੀ ਨਾਇਕਾ ਭਾਨੋਂ ਦੀ ਸਮਾਜਕ ਦੁਰਦਸ਼ਾ ਦੇ ਮੁਕਾਬਲੇ ਅੱਜ ਦੀ ਔਰਤ ਦੇ ਸਮਾਜਕ ਜੀਵਨ ਪੱਧਰ ਵਿਚ ਸੁਧਾਰ ਜ਼ਰੂਰ ਹੋਇਆ ਹੈ। ਭਾਨੋਂ ਦੇ ਸਮੇਂ ਰਿਸ਼ਤੇ ਨਾਈ ਜਾਂ ਲਾਗੀ ਹੀ ਨਿਯਤ ਕਰ ਆਉਂਦੇ ਹੁੰਦੇ ਸਨ। ਪਰ ਅਜੋਕੇ ਸਮੇਂ ਵਿਚ ਲੋਕ ਆਪਣੇ ਲੜਕੇ ਲੜਕੀ ਦਾ ਰਿਸ਼ਤਾ ਕਰਨ ਸਮੇਂ ਆਪਣੀ ਸਮਰੱਥਾ ਮੁਤਾਬਿਕ ਜ਼ਰੂਰੀ ਪੁੱਛ-ਪੜਤਾਲ ਕਰਦੇ ਹਨ। ਅੱਜ ਤਾਂ ਲੜਕੇ ਲੜਕੀਆਂ ਪਿਆਰ ਵਿਆਹ ਕਰਵਾ ਰਹੇ ਹਨ ਜਿਨ੍ਹਾਂ ਦਾ ਵਿਚੋਲਾ ਸੋਸ਼ਲ ਮੀਡੀਆ ਬਣ ਰਿਹਾ ਹੈ।

ਵਰਤਮਾਨ ਸਮਾਜ ਵਿਚ ਔਰਤ ਦੀ ਸਥਿਤੀ ਪਹਿਲਾਂ ਤੋਂ ਬਿਹਤਰ ਜ਼ਰੂਰ ਹੈ ਪਰ ਮਰਦ ਦੇ ਮੁਕਾਬਲਤਨ ਚੰਗੀ ਜਾਂ ਬਰਾਬਰ ਦੀ ਨਹੀਂ ਹੈ। ਵਰਤਮਾਨ ਦੀ ਔਰਤ ਪੜ੍ਹ ਲਿਖ ਕੇ ਵਿਭਿੰਨ ਪ੍ਰਕਾਰ ਦੀਆਂ ਪ੍ਰਸ਼ਾਸਨਿਕ ਸੇਵਾਵਾਂ ਨਿਭਾ ਰਹੀ ਹੈ ਅਤੇ ਵਿੱਦਿਅਕ ਪੱਧਰ ਉੱਪਰ ਉੱਚ ਡਿਗਰੀਆਂ ਪ੍ਰਾਪਤ ਕਰ ਰਹੀ ਹੈ ਪਰ ਸਮੁੱਚੇ ਤੌਰ ਤੇ ਇਨ੍ਹਾਂ ਸੇਵਾਵਾਂ ਅਤੇ ਵਿੱਦਿਅਕ ਪੱਧਰ ਉੱਪਰ ਵੀ ਔਰਤ ਦਾ ਉੱਚ ਅਧਿਕਾਰੀਆਂ ਵੱਲੋਂ ਸ਼ੋਸ਼ਣ ਕੀਤਾ ਜਾਂਦਾ ਹੈ। ਭਾਨੋਂ ਦੇ ਸਮੇਂ ਜੋ ਨਾਵਲ ਵਿਚ ਸਥਿਤੀ ਦਿਖਾਈ ਗਈ ਹੈ ਕਿ ਔਰਤਾਂ ਨੂੰ ਵੇਚਿਆ ਖ਼ਰੀਦਿਆਂ ਜਾਂਦਾ ਸੀ, ਭਾਵੇਂ ਅਜੋਕੇ ਸਮੇਂ ਵਿਆਹ ਲਈ ਔਰਤ ਦੀ ਖ਼ਰੀਦ ਵੇਚ ਘੱਟ ਗਈ ਹੈ ਪਰ ਅਜੋਕੇ ਸਮੇਂ ਵਿਚ ਸਰੀਰਕ ਤ੍ਰਿਪਤੀ ਲਈ ਔਰਤਾਂ ਨੂੰ ਖਰੀਦਿਆਂ ਜਾਂਦਾ ਹੈ। ਨਾਵਲ ਵਿਚ ਪ੍ਰਸਤੁਤ ਸਮੇਂ ਕਾਲ ਵਿਚ ਪ੍ਰਚਲਿਤ ਪਰਦਾ ਪ੍ਰਥਾ ਦਾ ਅਜੋਕੇ ਸਮਾਜ ਵਿਚੋਂ ਖ਼ਾਤਮਾ ਹੋ ਗਿਆ ਹੈ। ਪਰ ਅੱਜ ਵੀ ਔਰਤਾਂ ਨਾਲ ਸੰਬੰਧਤ ਕਈ ਸਮੱਸਿਆਵਾਂ ਜਿਉਂ ਦੀਆਂ ਤਿਉਂ ਮੌਜੂਦ ਹਨ, ਜਿਵੇਂ ਅੱਜ ਦੀ ਔਰਤ ਵੀ ਭਾਨੋਂ ਅਤੇ ਸੰਤੀ ਵਾਂਗ ਅੰਧ-ਵਿਸ਼ਵਾਸੀ ਹੋਣਾ, ਬੇਔਲਾਦ ਲਈ ਔਰਤ ਜ਼ਿੰਮੇਵਾਰ ਸਮਝਣਾ, ਉੱਚ ਅਹੁਦੇ ਤੇ ਬਿਰਾਜਮਾਨ ਹੋਣ ਦੇ ਬਾਵਜੂਦ ਵੀ ਸ਼ੋਸ਼ਣ ਹੋਣਾ ਆਦਿ। ਅੱਜ ਵੀ ਅੰਧ-ਵਿਸ਼ਵਾਸ ਸਾਡੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਡੇਰਾਵਾਦ ਦਾ ਘੇਰਾ ਬਹੁਤ ਵਿਸ਼ਾਲ ਹੋ ਚੁੱਕਾ ਹੈ ਜੋ ਅੰਧ-ਵਿਸ਼ਵਾਸਾਂ ਨੂੰ ਫੈਲਾਅ ਰਿਹਾ ਹੈ। ਸੱਚਾ ਸੌਦਾ ਸਾਧ ਵਰਗੇ ਬੰਦੇ ਅੱਜ ਵੀ ਔਰਤ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰ ਰਹੇ ਹਨ।

## ਹਵਾਲੇ ਅਤੇ ਟਿੱਪਣੀਆਂ


1. *ਮਹਾਂ ਨਾਚ: ਬਾਵਾ ਬਲਵੰਤ (ਪੰਜਾਬੀ ਕਵਿਤਾ)*
2. *ਲੂਣਾ, ਸ਼ਿਵ ਕੁਮਾਰ ਬਟਾਲਵੀ*
3. *ਦਲੀਪ ਕੌਰ ਟਿਵਾਣਾ, 2001, **ਏਹੁ ਹਮਾਰਾ ਜੀਵਣਾ**, ਆਰਸੀ ਪਬਲਿਸ਼ਰਜ਼, ਦਿੱਲੀ, ਪੰਨਾ:31.*
4. *ਉਹੀ, ਪੰਨਾ:10.*
5. *ਉਹੀ, ਪੰਨਾ:7.*
6. *ਉਹੀ, ਪੰਨਾ:8.*
7. *ਉਹੀ, ਪੰਨਾ:23.*
8. *ਉਹੀ, ਪੰਨਾ:26.*
9. *ਉਹੀ, ਪੰਨਾ:29.*
10. *ਉਹੀ, ਪੰਨਾ:31.*
11. *ਉਹੀ, ਪੰਨਾ:65.*
12. *ਉਹੀ, ਪੰਨਾ:68.*
13. *ਉਹੀ, ਪੰਨਾ:55.*



***Cite this Article-***

ਡਾ. ਗੁਰਪ੍ਰੀਤ ਸਿੰਘ ਬੁੱਟਰ (Dr. Gurpreet Singh Buttar), ਔਰਤ ਦੀ ਹੋਣੀ ਦਾ ਪ੍ਰਵਚਨ: ਏਹੁ ਹਮਾਰਾ ਜੀਵਣਾ (AURAT DI HONI DA PRAVACHAN: EHO HAMARA JIVNA), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 118-123.*

***Journal URL:*** *www.armaan.org.in*

***DOI:*** *https://doi.org/10.64119/armaan.vol.3.issue3.18*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*